੦੪੭

ਗੁਰਬਾਣੀ ਗੁਰੂ ਕਿਵੇਂ ਹੈ?

(ਲੇਖਕ: ਡਾ: ਕਰਤਾਰ ਸਿੰਘ)

ਇਸ ਸਿਰਲੇਖ ਰਾਹੀਂ ਕੋਸ਼ਿਸ਼ ਹੈ ਕਿ ਅੱਜ ਦੇ ਸਮੇਂ ਦੇਹਧਾਰੀ ਗੁਰੂਆਂ ਦੇ ਮੁਕਾਬਲੇ ਗੁਰਬਾਣੀ ਕਿਵੇਂ ਗੁਰੂ ਹੈ, ਇਸ ਵਿਸ਼ੇ ਤੇ ਨਿਖੜਵੀਂ ਵੀਚਾਰ ਕੀਤੀ ਜਾਵੇ। ਕੁਝ ਅਹਿਮ ਸਵਾਲ ਜੋ ਇਸ ਤਰ੍ਹਾਂ ਹਨ:

- ਕੀ ਦੇਹਧਾਰੀ ਗੁਰੂ ਬਗੈਰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ਕਿ ਨਹੀਂ?

- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ?

- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਕਿਹੜੇ ਗੁਰੂ ਦੇ ਲੜ ਲੱਗਣ ਲਈ ਹੁਕਮ ਕੀਤਾ ਹੈ?

- ਕੀ ਬਾਣੀ ਦੇ ਅਰਥ ਸੁਣਾਉਣ ਵਾਲਾ ਤੇ ਸਮਝਾਉਣ ਵਾਲਾ ਗੁਰੂ ਦੀ ਪਦਵੀ ਹਾਸਲ ਕਰ ਸਕਦਾ ਹੈ?

- ਕੀ ਗੁਰਬਾਣੀ ਆਪਹੁੰ ਨਹੀਂ ਬੋਲਦੀ।

- ਕੀ ਮੌਕੇ ਦੇ ਡਾਕਟਰ (ਦੇਹਧਾਰੀ ਗੁਰੂ) ਬਿਨਾਂ ਰੋਗੀ ਦਾ ਰੋਗ ਦੂਰ ਨਹੀਂ ਹੋ ਸਕਦਾ?

- ਇਹ ਦਲੀਲ ਕਿੰਨੀ ਕੁ ਵਜਨਦਾਰ ਹੈ ਕਿ ਦਵਾਈਆਂ ਦੇ ਢੇਰ ਰੋਗੀ ਪਾਸ ਮੌਜੂਦ ਹੋਣ, ਪਰ ਜਦ ਤਾਂਈਂ ਰੋਗ ਦੀ ਜਾਂਚ ਨਾ ਹੋਵੇ, ਕੋਈ ਦਵਾਈ ਰੋਗ ਦੂਰ ਨਹੀਂ ਕਰ ਸਕਦੀ?

ਅੱਜਕੱਲ੍ਹ ਘਰ ਘਰ 'ਦੰਬੀ ਗੁਰੂ' ਬਣੇ ਬੈਠੇ ਹਨ ਜੋ ਭੋਲੇ ਭਾਲੇ, ਗੁਰਮਤਿ ਦੇ ਸਿਧਾਂਤਾਂ ਤੋਂ ਅਣਜਾਣ ਵੀਰਾਂ, ਭੈਣਾਂ ਨੂੰ, ਗੁਰਬਾਣੀ ਦੀਆਂ ਤੁਕਾਂ ਦੀ ਦੁਰਵਰਤੋਂ ਕਰਕੇ, ਤੁਕਾਂ ਦੇ ਅਰਥਾਂ ਦੇ ਅਨਰਥ ਕਰਦੇ ਹੋਏ ਆਪਣੀ ਦੁਕਾਨਦਾਰੀ ਚਲਾ ਰਹੇ ਹਨ। ਗੁਰ ਸਿਧਾਂਤਾਂ ਤੋਂ ਕੋਰੇ ਵੀਰ ਭੈਣ ਉਨ੍ਹਾਂ ਦੇ ਜਾਲ੍ਹ ਵਿੱਚ ਫਸਦੇ ਹਨ ਅਤੇ ਇਸ ਤਰ੍ਹਾਂ ਗੁਰਮਤਿ ਨੂੰ ਵੱਡੀ ਢਾਅ ਲੱਗ ਰਹੀ ਹੈ। ਬੇਨਤੀ ਹੈ ਇਸ ਲੇਖ ਨੂੰ ਖੁੱਲ੍ਹੇ ਦਿਲ ਨਾਲ ਵਿਚਾਰ ਕੇ ਨਿਰੋਲ ਗੁਰਮਤਿ ਦੀ ਸੋਝੀ ਹਾਸਲ ਕੀਤੀ ਜਾਵੇ। ਗੁਰਮਤਿ ਅਭਿਲਾਖੀ ਸੱਜਣ ਖ਼ੁਦ ਨਿਰਣਾ ਕਰਨ ਕਿ ਗੁਰਮਤਿ ਕੀ ਹੈ?

ਇਹ ਮੰਨਿਆ ਪ੍ਰਮੰਨਿਆ ਸਿਧਾਂਤ ਹੈ ਕਿ ਜੋ ਗੁਰੂ ਦਾ ਇਸ਼ਟ ਹੁੰਦਾ ਹੈ ਉਹੀ ਚੇਲੇ (ਸਿੱਖ) ਦਾ ਹੁੰਦਾ ਹੈ। ਸਭ ਤੋਂ ਪਹਿਲਾ ਇਹ ਨਿਰਣਾ ਕਰੀਏ, ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ ਅਤੇ ਹਜ਼ੂਰ ਨੇ ਸਾਨੂੰ ਕਿਹੜੇ ਗੁਰੂ ਦੇ ਲੜ੍ਹ ਲਾਇਆ ਹੈ। "ਸਿਧ ਗੋਸ਼ਟਿ" ਬਾਣੀ ਵਿੱਚ ਪ੍ਰਮਾਣ ਦਰਜ ਹੈ। ਸਿਧਾਂ ਦਾ ਸਵਾਲ ਹੈ ਕਿ

- ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ (੯੪੨)

ਉੱਤਰ ਵਿੱਚ ਹਜ਼ੂਰ ਫੁਰਮਾਉਂਦੇ ਹਨ:

- ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (੯੪੩)

ਜਿਸ ਸ਼ਕਤੀ ਨੇ ਪਵਣ ਬਣਾਈ ਹੈ, ਉਹ ਮੇਰਾ ਮੂਲ ਹੈ। ਉਸ ਸਤਿਗੁਰੂ ਤੋਂ ਜੋ ਮੈਨੂੰ ਸ਼ਬਦ ਆ ਰਿਹਾ ਹੈ, ਉਹ ਮੇਰਾ ਗੁਰੂ ਹੈ ਅਤੇ ਉਸ ਸ਼ਬਦ ਦੀ ਧੁਨੀ ਵਿੱਚ ਸੁਰਤ ਜੋੜਨੀ ਚੇਲਾ ਹੈ।

"ਸਤਿਗੁਰੂ" ਪਦ ਦੀ ਵਿਆਖਿਆ ਗੁਰਬਾਣੀ ਵਿੱਚ ਇੰਜ ਦਰਜ ਹੈ:

- ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (੭੫੯)

ਹੁਣ ਪ੍ਰਸ਼ਨ ਉਠ ਸਕਦਾ ਹੈ ਕਿ ਉਹ ਹਸਤੀ ਤਾਂ ਨਿਰੰਕਾਰ ਹੈ, ਉਪਦੇਸ਼ ਦਾਤਾ ਕਿਵੇਂ ਹੋਇਆ? ਇਸ ਗੁੰਝਲ ਨੂੰ ਗੁਰੂ ਨਾਨਕ ਸਾਹਿਬ ਇੰਜ ਖੋਲਦੇ ਹਨ:

– ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (੭੨੨)

ਜਨਮ ਸਾਖੀ ਦਾ ਵੇਰਵਾ ਹੈ ਕਿ ਜਦ ਹਜ਼ੂਰ ਨੂੰ ਰੱਬ ਜੀ ਵੱਲੋਂ ਬਾਣੀ ਆਉਂਦੀ ਤਾਂ ਹਜ਼ੂਰ ਭਾਈ ਮਰਦਾਨੇ ਨੂੰ ਆਖਦੇ, ''ਮਰਦਾਨਿਆਂ! ਰਬਾਬ ਛੇੜ ਬਾਣੀ ਆਈ ਹੈ''। ਇਹ ਬਾਣੀ ਰੱਬ ਜੀ ਵੱਲੋਂ ਆਈ, ਹੇਠਲਾ ਪ੍ਰਮਾਣ ਵੀ ਸਿੱਧ ਕਰਦਾ ਹੈ, ਤੁੱਕ ਪਹਿਲੀ ਪਾਤਸ਼ਾਹ ਦੀ ਹੈ।

– ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥ (੫੬੬)

ਇਸੇ ਤਰ੍ਹਾਂ ਹੋਰ ਵੀ ਗੁਰੂ ਸਾਹਿਬਾਨ ਇਹ ਸ਼ਾਖਾ ਭਰਦੇ ਹਨ।

ਤੀਜੀ ਪਾਤਸ਼ਾਹੀ ਦਾ ਰੱਬੀ ਬਾਣੀ ਬਾਰੇ ਫੁਰਮਾਨ ਹੈ:

– ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ॥ (੧੨੫)

ਚੌਥੀ ਪਾਤਸ਼ਾਹੀ ਵੀ ਧੁਰੋਂ ਆਈ ਬਾਣੀ ਦੀ ਹਾਮੀ ਇਸ ਤਰ੍ਹਾਂ ਭਰਦੇ ਹਨ:

– ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ॥ (੭੩੪)

ਪੰਜਵੀਂ ਪਾਤਿਸ਼ਾਹੀ ਨੇ ਇਹ ਗੁਹਜ ਗੱਲ ਨੂੰ ਚਾਰ ਥਾਵੀਂ ਨਿਰੂਪਣ ਕੀਤਾ ਹੈ:

– ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (੭੬੩)

– ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (੬੨੮)

– ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥ (੨੧੪)

– ਬੋਲੇ ਸਾਹਿਬ ਕੈ ਭਾਣੈ॥ ਦਾਸੁ ਬਾਣੀ ਬ੍ਰਹਮੁ ਵਖਾਣੈ॥ (੬੨੯)

ਨੌਵੀਂ ਪਾਤਸ਼ਾਹੀ ਵੀ ਫੁਰਮਾਉਂਦੇ ਹਨ ਕਿ ਗੁਰੂ ਅਕਾਲ ਪੁਰਖ ਵੱਲੋਂ ਆਇਆ ਉਪਦੇਸ਼ ਸੁਣ:

– ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥ (੭੨੭)

ਦਸਮ ਪਿਤਾ ਵੀ ਇੰਜ ਫੁਰਮਾਉਂਦੇ ਹਨ:

– ਜੋ ਨਿਜ ਪ੍ਰਭ ਮੋ ਸੋ ਕਹਾ ਕਹਿਹੋਂ ਜਗ ਮਾਹਿ॥ (ਪਾ: ੧੦)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਗੁਰੂ, ਜਿੱਥੋਂ ਬਾਣੀ ਆਈ ਹੈ, ਉਸ ਨੂੰ ਇੰਜ ਦਰਸਾਇਆ ਹੈ:

– ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (੫੯੯)

ਇਹ ਅਟੱਲ ਸਚਾਈ ਹੈ, ਜੋ ਬਾਣੀ ਗੁਰੂ ਨਾਨਕ ਸਾਹਿਬ ਜੀ ਦੇ ਹਿਰਦੇ ਵਿੱਚ ਉਤਰੀ ਹੈ, ਉਹ ਨਿਰੰਕਾਰ ਤੇ ਉਸ ਤੋਂ ਆਈ ਇੱਕ ਹੈ। ਬੋਲਣਹਾਰੇ ਦਾ ਬੋਲ ਤੇ ਬੋਲਣਹਾਰ ਇੱਕ ਹੁੰਦੇ ਹਨ, ਕੋਈ ਭਿੰਨ ਭੇਦ ਨਹੀਂ। ਗੁਰਮਤਿ ਦਰਸਾਉਂਦੀ ਹੈ:

– ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥ (੩੦੪)

– ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥ (੩੯)

– ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ (੫੧੫)

– ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥ (੧੨੩੯)

ਸੋ ਸਿਧ ਹੋਇਆ ਕਿ ਬ੍ਰਹਮ, ਸਤਿਗੁਰੂ, ਗੁਰੂ ਤੇ ਬਾਣੀ ਇੱਕ ਹਨ, ਕੋਈ ਭਿੰਨ ਭੇਦ ਨਹੀਂ। ਹੁਕਮੀ ਅਤੇ ਹੁਕਮ ਇੱਕ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣਾ ਗੁਰੂ ਸ਼ਬਦ ਨੂੰ ਹੀ ਮੰਨਿਆ ਹੈ। ਬ੍ਰਹਮ ਅਤੇ ਬ੍ਰਹਮ ਤੋਂ ਗੁਰੂ ਹਿਰਦੇ ਵਿੱਚ ਉਤਰੀ ਬਾਣੀ ਇੱਕ ਹੈ। ਅੱਗੋਂ ਗੁਰੂ ਨਾਨਕ ਸਾਹਿਬ ਨੇ ਸਿੱਖਾਂ ਨੂੰ ਕਿਸ ਦੇ ਲੜ ਲਾਇਆ ਹੈ, ਗੁਰੂ ਜੀ ਤੋਂ ਹੀ ਪੁੱਛ ਕਰੀਏ:

– ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ॥ (੫੫)

– ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥ (੫੮)

– ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥ (੫੯)

– ਬਿਨੁ ਗੁਰ ਸਬਦ ਨ ਛੂਟਸਿ ਕੋਇ॥ (੮੩੯)

ਗੁਰਮਤਿ ਇਹ ਨਿਰਣਾ ਦੇ ਰਹੀ ਹੈ:

– ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ॥ (੯੪੪)

ਹੋਰ ਕਿਸੇ ਪ੍ਰਕਾਰ ਦੀ ਵਿਚਾਰ ਬਾਰੇ ਹਜੂਰ ਦਾ ਨਿਰਣਾ ਹੈ:

– ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥ (੯੦੪)

– ਬਾਬਾ ਹੋਰ ਮਤਿ ਹੋਰ ਹੋਰ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥ (੧੭)

ਹੇ ਬਾਬਾ! ਜੇ ਹੋਰ ਮੱਤਾਂ ਨੂੰ ਕਮਾਈਏ ਤਾਂ ਪਲੇ ਕੂੜ ਹੀ ਪੈਂਦਾ ਹੈ। ਉਨ੍ਹਾਂ ਮੱਤਾਂ ਦਾ ਅਧਾਰ ਕੂੜ ਹੈ, ਇਸ ਲਈ ਕੂੜ ਹੀ ਪੱਲੇ ਪੈਣਾ ਹੋਇਆ। ਹਜੂਰ ਦੇ ਬਚਨ ਇੰਜ ਹਨ:

– ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ॥ (੧੧੯੭)

– ਇਕੁ ਸੁਖੁ ਮਾਨਿਆ ਸਹਜਿ ਮਿਲਾਇਆ॥ ਨਿਰਮਲ ਬਾਣੀ ਭਰਮੁ ਚੁਕਾਇਆ॥ (੨੨੧)

ਨਿਰਮਲ ਬਾਣੀ ਨੇ ਭਰਮ ਦੂਰ ਕਰ ਦਿੱਤਾ ਹੈ ਅਤੇ ਅਸਾਂ ਇੱਕ ਸੁੱਖ ਮਾਣਿਆ ਹੈ। ਆਪੇ ਨੂੰ ਸਹਜ (ਗਿਆਨ) ਵਿੱਚ ਮਿਲਾ ਲਇਆ ਹੈ।

– ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ॥
ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ॥(੭੫੨)

ਵਿਚਾਰ ਗੋਚਰੀ ਗੱਲ ਹੈ, ਜਦ ਇੰਨੀਂ ਸਪੱਸ਼ਟਤਾ ਨਾਲ ਹਜ਼ੂਰ ਫੁਰਮਾਉਂਦੇ ਹਨ ਕਿ ਗੁਰਬਾਣੀ ਨਾਲ ਹੀ ਬ੍ਰਹਮ ਨੂੰ ਪਛਾਣਿਆ ਜਾ ਸਕਦਾ ਹੈ ਕਿਸੇ ਹੋਰ ਤਰੀਕੇ ਨਹੀਂ, ਤਾਂ ਫਿਰ ਕਿਉਂ ਨਾ ਇਸ ਉਪਦੇਸ਼ ਨੂੰ ਮੰਨ ਕੇ ਗੁਰਬਾਣੀ ਦਾ ਲੜ ਫੜੀਏ। ਕਿਉਂ ਕਿਸੇ ਦੇਹਧਾਰੀ ਮਗਰ ਲੱਗੀਏ?

– ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (੬੩੫)

ਹਜ਼ੂਰ ਨੇ ਇਹ ਸਿਧਾਂਤ ਕਾਇਮ ਕਰ ਦਿੱਤਾ, ਕਿਸੇ ਦੇਹਧਾਰੀ ਪਾਸ ਜਾਣ ਦੀ ਲੋੜ ਨਹੀਂ, ਸ਼ਬਦ ਹੀ ਗੁਰੂ ਹੈ। ਇਸੇ ਦੀ ਕਮਾਈ ਨਾਲ ਪਰੀ-ਪੂਰਨ ਬ੍ਰਹਮ ਵਿੱਚ ਲੀਨ ਹੋਈਦਾ ਹੈ।

ਇਹ ਸਿਧਾਂਤ ਚੌਥੀ ਪਾਤਿਸ਼ਾਹੀ ਵੱਲੋਂ ਵੀ ਇੰਜ ਦਰਸਾਇਆ ਗਿਆ ਹੈ:

- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (੯੮੨)

- ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥ (੧੩੦੯)

ਅਕਸਰ ਵੇਖਣ ਨੂੰ ਮਿਲਦਾ ਹੈ, ਕਈ ਕਹੌਤੀ ਗਿਆਨੀ, ਕਥਾਵਾਚਕ, ਪ੍ਰਚਾਰਕ, ਦੇਹਧਾਰੀ ਗੁਰੂਆਂ ਦੀ ਪ੍ਰਸੰਸਾ ਕਰਦੇ ਹਨ। ਆਪਣੀਆਂ ਮਨ-ਘੜ੍ਹਤ ਦਲੀਲਾਂ ਅਤੇ ਗੁਰਬਾਣੀ ਦੇ ਕੱਚ-ਘਰੜ ਅਰਥਾਂ ਰਾਹੀਂ ਦੇਹਧਾਰੀ ਗੁਰੂ ਦੀ ਲੋੜ ਨੂੰ ਸਿੱਧ ਕਰਦੇ ਹਨ। ਜੇ ਕੋਈ ਉਨ੍ਹਾਂ ਨੂੰ ਗਲਤ ਸਿੱਧ ਕਰੇ ਤਾਂ ਡਾਢੇ ਲੋਹੇ ਲਾਖੇ ਵੀ ਹੋ ਜਾਂਦੇ ਹਨ। ਇੱਥੋਂ ਤੱਕ ਕਈ ਵਾਰ ਮਰਨ-ਮਰੋਣ ਦੀ ਨੌਬਤ ਵੀ ਆ ਜਾਂਦੀ ਹੈ। ਉਹ ਇਹ ਨਹੀਂ ਸਮਝਦੇ ਕਿ ਗੁਰੂ ਸਾਹਿਬਾਨ ਨੇ ਤਾਂ ਬ੍ਰਹਮ ਨੂੰ ਇਸੇ ਗੁਰਬਾਣੀ ਨਾਲ ਹੀ ਪਛਾਣਿਆ ਸੀ। ਕਿਸੇ ਦੇਹਧਾਰੀ ਨੂੰ ਨਹੀਂ ਸੀ ਮੰਨਿਆ। ਫੁਰਮਾਨ ਹਨ:

- ਭਨਤਿ ਨਾਨਕੁ ਕਰੇ ਵੀਚਾਰੁ॥ ਸਾਚੀ ਬਾਣੀ ਸਿਉ ਧਰੇ ਪਿਆਰੁ॥
ਤਾ ਕੋ ਪਾਵੈ ਮੋਖ ਦੁਆਰੁ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥ (੬੬੧)

- ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥ (੯੩੫)

ਹਜ਼ੂਰ ਦਾ ਕਥਨ ਹੈ ਕਿ ਇਹ ਬਾਣੀ ਮੇਰੀ ਰਚਨਾ ਨਹੀਂ ਸਗੋਂ ਵੱਡੇ ਮਹਾਂਪੁਰਖ ਭਾਵ ਸਰਬ-ਸਮਰੱਥ ਵੱਲੋਂ ਆਈ ਹੈ। ਜੋ ਵੀ ਇਸ ਨੂੰ ਵੀਚਾਰੇਗਾ, ਉਸ ਦਾ ਨਿਜਘਰ ਵਾਸਾ ਹੋ ਜਾਊ॥ ਜਿਸ ਹਿਰਦੇ ਵਿੱਚ ਦਰਸ਼ਨ ਪ੍ਰਾਪਤੀ ਦਾ ਪ੍ਰੇਮ ਉਗਮ ਪਿਆ ਹੈ ਉਹ ਗੁਰਬਾਣੀ ਨਾਲ ਪ੍ਰੀਤੀ ਪਾਵੇ।

- ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥ (੧੦੩੨)

ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਇੰਨ੍ਹਾਂ ਖੁੱਲ੍ਹ ਕੇ ਆਖਦੇ ਹਨ ਤੇ ਗਾਰੰਟੀ ਦਿੰਦੇ ਹਨ:

- ਸਾਚੀ ਬਾਣੀ ਮੀਠੀ ਅਮ੍ਰਿਤ ਧਾਰ॥ ਜਿਨਿ ਪੀਤੀ ਤਿਸੁ ਮੋਖ ਦੁਆਰ॥ (੧੨੭੫)

- ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ॥ (੮੭੯)

ਗੁਰਬਾਣੀ ਹੀ ਨਾਦ ਹੈ, ਵੇਦ ਹੈ, ਇਸ ਨੂੰ ਜੀਵਨ ਵਿੱਚ ਘਟਾਇਆਂ ਮਨ ਪ੍ਰਭੂ ਵਿੱਚ ਲੀਨ ਹੁੰਦਾ ਹੈ।

ਦੇਹਧਾਰੀ ਗੁਰੂ ਪੱਖੀਆਂ ਦੇ ਕੁੱਝ ਆਮ ਸਵਾਲ ਅਤੇ ਗੁਰਬਾਣੀ ਵਿੱਚੋਂ ਉਨ੍ਹਾਂ ਦੇ ਜੁਆਬ ਪ੍ਰਸ਼ਨੋਤਰੀ ਰੂਪ ਵਿੱਚ ਸਾਂਝੇ ਕੀਤੇ ਜਾਂਦੇ ਹਨ।

ਪ੍ਰਸ਼ਨ:- ਬਾਣੀ ਆਪੂੰ ਤਾਂ ਬੋਲਦੀ ਨਹੀਂ ਇਸ ਵਾਸਤੇ ਦੇਹਧਾਰੀ ਗੁਰੂ ਦੀ ਲੋੜ ਪੈਂਦੀ ਹੈ।

ਉੱਤਰ:- ਬਾਣੀ ਬੋਲਦੀ ਹੈ ਕਿਵੇਂ?

ਸਰੀਰ ਦੇ ਜਿਸ ਹਿੱਸੇ ਵਿੱਚ "ਸਮਝ" ਵੱਸਦੀ ਹੈ, ਉਸ ਥਾਂ ਆਵਾਜ਼ ਪਹੁੰਚਾਉਣ ਲਈ ਅਕਾਲ ਪੁਰਖ ਨੇ ਦੋ ਰਾਹ ਸਰੀਰ ਵਿੱਚ ਰੱਖੇ ਹਨ, ਕੰਨ ਤੇ ਅੱਖਾਂ। ਜੋ ਸ਼ਬਦ ਭਾਵ ਆਵਾਜ਼ ਕੰਨ ਸੁਣਨ, ਉਹ ਸਮਝ ਵਾਲੀ ਥਾਂ ਅੱਪੜ੍ਹ

ਜਾਂਦੇ ਹਨ। ਐਨ ਇਸੇ ਤਰ੍ਹਾਂ ਜੋ ਲਿਖਤ ਅੱਖਾਂ ਪੜ੍ਹਨ, ਉਹ ਵੀਚਾਰ ਵੀ ਸਮਝ ਵਾਲੀ ਥਾਂ ਪੁੱਜ ਜਾਂਦੇ ਹਨ। ਇਸ ਲਈ ਬਾਣੀ ਬੋਲਦੀ ਹੈ।

ਪ੍ਰਸ਼ਨ:- ਪਰ ਜੇ ਕੋਈ ਪੜ੍ਹਿਆ ਨਾ ਹੋਵੇ ਉਸ ਲਈ ਦੇਹਧਾਰੀ ਗੁਰੂ ਧਾਰਨਾ ਜ਼ਰੂਰੀ ਹੈ ਜੋ ਉਸ ਨੂੰ ਬਾਣੀ ਪੜ੍ਹ ਕੇ ਸੁਣਾਵੇ।

ਉੱਤਰ:- ਕੇਵਲ ਬਾਣੀ ਦੇ ਅਰਥਾਂ ਨੂੰ ਸੁਣਾਉਣ ਵਾਲਾ ਜਾਂ ਪੜ੍ਹਨ ਵਾਲਾ ਗੁਰੂ ਪਦਵੀ ਦਾ ਹੱਕਦਾਰ ਕਿਵੇਂ ਹੋ ਸਕਦਾ ਹੈ? ਕਾਲਜਾਂ ਤੇ ਸਕੂਲਾਂ ਵਿੱਚ ਵੱਡੇ-ਵੱਡੇ ਵਿਦਵਾਨਾਂ ਦੇ ਸਿਧਾਂਤ ਸਮਝਾਉਣ ਵਾਲੇ ਅਧਿਆਪਕ ਤੇ ਪ੍ਰੋਫ਼ੈਸਰ ਉਨ੍ਹਾਂ ਖੋਜੀਆਂ ਦੀ ਪਦਵੀ ਨਹੀਂ ਲੈ ਸਕਦੇ ਜਿੰਨਾਂ ਦੀਆਂ ਪੁਸਤਕਾਂ ਉਹ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਤੇ ਸਮਝਾਉਂਦੇ ਹਨ। ਕਾਲੀਦਾਸ ਤੇ ਸ਼ੈਕਸਪੀਅਰ ਦੀ ਰਚਨਾ ਪੜ੍ਹਾਉਣ ਵਾਲੇ ਕਾਲੀਦਾਸ ਤੇ ਸ਼ੈਕਸਪੀਅਰ ਦੀ ਪਦਵੀ ਕਿਵੇਂ ਲੈ ਸਕਦੇ ਹਨ?

ਇੱਕ ਪ੍ਰਦੇਸ ਗਏ ਪਤੀ ਦਾ ਆਪਣੀ ਅਨਪੜ੍ਹ ਪਤਨੀ ਵੱਲ ਖ਼ਤ ਪੁੱਜਦਾ ਹੈ। ਉਹ ਕਿਸੇ ਪੜ੍ਹੇ ਹੋਏ ਪਾਸ ਲੈ ਜਾਵੇ, ਤਾਂ ਕੀ ਚਿੱਠੀ ਪੜ੍ਹ ਕੇ ਸੁਣਾਉਣ ਵਾਲਾ ਉਸ ਦਾ ਪਤੀ ਬਣ ਸਕਦਾ ਹੈ?

ਇਹ ਬਾਣੀ ਬ੍ਰਹਮ ਤੋਂ ਆਈ ਹੈ ਅਤੇ ਬ੍ਰਹਮ ਸਰੂਪ ਹੈ। ਕੀ ਇਸ ਨੂੰ ਪੜ੍ਹ ਕੇ ਸਮਝਾਉਣ ਵਾਲਾ ਰੱਬ ਬਣ ਗਿਆ? ਕਦਾਚਿਤ ਵੀ ਨਹੀਂ!

ਪ੍ਰਸ਼ਨ:- ਗੁਰਬਾਣੀ ਰੱਬੀ ਬਾਣੀ ਹੈ ਅਤੇ ਧੁਰੋਂ ਨਿਰੰਕਾਰ ਤੋਂ ਆਈ ਹੈ ਪਰ ਬਾਣੀ ਨੂੰ ਆਪੂੰ ਅਨਹਦ ਸ਼ਬਦ ਦੀ ਪ੍ਰਾਪਤੀ ਨਹੀਂ ਕਰਵਾ ਸਕਦੀ ਇਸ ਵਾਸਤੇ ਦੇਹਧਾਰੀ ਗੁਰੂ ਦੀ ਲੋੜ ਹੈ।

ਉੱਤਰ:- ਬਾਣੀ ਅਨਹਦ ਸ਼ਬਦ ਵਜਾ ਸਕਦੀ ਹੈ।

- ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥ (੧੨੯੧)

ਇਸ ਸ਼ਬਦ ਨੂੰ ਇੱਥੇ ਤੱਕ ਪੜ੍ਹ ਕੇ ਤਾਂ ਭੁਲੇਖਾ ਪੈ ਸਕਦਾ ਹੈ ਪਰ ਅੰਤਲੀ ਤੁਕ ਸਾਫ਼ ਦਰਸਾ ਰਹੀ ਹੈ ਕਿ ਇਹ ਉਤਲੀ ਅਵਸਥਾ ਉਸ ਨੂੰ ਲੱਭਦੀ ਹੈ ਜੋ ਸ਼ਬਦ (ਬਾਣੀ) ਨੂੰ ਖੋਜੇਗਾ। ਐਸੇ ਸੱਜਣਾਂ ਦਾ ਨਾਨਕ ਦਾਸ ਹੈ।

- ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥ (੧੨੯੧)

ਬਾਣੀ ਦੀ ਖੋਜ ਨਾਲ ਹੀ ਇਹ ਘਰ ਪ੍ਰਾਪਤ ਹੁੰਦਾ ਹੈ। ਇਸੇ ਖ਼ਿਆਲ ਨੂੰ ਚੌਥੇ ਪਾਤਸ਼ਾਹ ਵੀ ਇੰਜ ਦਰਸਾਉਂਦੇ ਹਨ ਤੇ ਆਪਣਾ ਨਿੱਜੀ ਅਨੁਭਵ ਦੱਸ ਰਹੇ ਹਨ:

- ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ॥ (੧੩੧੫)

ਪੰਚ ਸ਼ਬਦ ਮੇਰੇ ਅੰਦਰ ਵੱਜ ਪਏ ਹਨ ਪਰ ਕਿਵੇਂ? ਗੁਰੂ ਦੀ ਮੱਤ (ਗੁਰਬਾਣੀ) ਦੁਆਰਾ ਮੈਂ ਵਡਭਾਗੀ ਹੋ ਗਿਆ ਹਾਂ ਅਤੇ ਅਨਹਦ ਪ੍ਰਮੇਸ਼ਰ ਪ੍ਰਗਟ ਹੋ ਗਿਆ ਹੈ। "ਅਨਹਦੁ" ਪਦ 'ਦ' ਦੇ ਔਕੜ ਹੋਣ ਕਰਕੇ ਇੱਕ ਵਚਨ ਦਾ ਲਖਾਇਕ ਹੈ, ਭਾਵ ਅਨ-ਹਦ ਜੋ ਕਿਸੇ ਹੱਦ ਤੋਂ ਰਹਿਤ ਹੈ, ਬੇਅੰਤ ਹੈ, ਉਹ ਬ੍ਰਹਮ ਅੰਦਰ ਪ੍ਰਗਟ ਹੋ ਗਿਆ ਹੈ ਕਿਵੇਂ? ਕੇਵਲ ਗੁਰਬਾਣੀ ਦੁਆਰਾ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਗੁਰੂ ਸ਼ਬਦ ਦਸਿਆ ਹੈ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ"। ਉਹ ਸ਼ਬਦ ਬ੍ਰਹਮ ਹੈ ਜੋ ਹਜ਼ੂਰ ਦੇ ਹਉਮੈ ਰਹਿਤ ਹਿਰਦੇ ਵਿੱਚ ਉਤਰਿਆ ਹੈ।

– ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (੭੨੨)

ਬ੍ਰਹਮ ਅਤੇ ਬ੍ਰਹਮ ਤੋਂ ਆਇਆ ਸ਼ਬਦ ਇੱਕ ਹੈ। ਬ੍ਰਹਮ ਨੂੰ ਸਤਿਗੁਰੂ ਵੀ ਆਖਿਆ ਹੈ। ਕਿਹੜਾ ਸਤਿਗੁਰੂ? –ਹਾਡ, ਮਾਸ, ਨਾੜੀ ਦਾ ਪਿੰਜਰ ਨਹੀਂ ਸਗੋਂ ਉਹ ਸਤਿਗੁਰੂ ਜੋ ਸਦਾ ਕਾਇਮ ਰਹਿੰਦਾ ਹੈ, ਜੋ ਜੰਮਦਾ ਨਹੀਂ, ਮਰਦਾ ਨਹੀਂ, ਜੋ ਅਬਿਨਾਸੀ ਹੈ ਤੇ ਜੋ ਸਾਰਿਆਂ ਵਿੱਚ ਸਮਾਇਆ ਹੋਇਆ ਹੈ।

– ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (੭੫੯)

ਉਸ ਵੱਲੋਂ ਜੋ ਬਾਣੀ ਗੁਰੂ ਨਾਨਕ ਦੇ ਹਿਰਦੇ ਵਿੱਚ ਉਤਰੀ, ਉਸ ਦਾ ਹੀ ਰੂਪ ਹੈ। ਤਾਂ ਤੇ ਬਾਣੀ ਤੇ ਸਰਬ ਵਿਆਪਕ ਅਬਿਨਾਸੀ ਸਤਿਗੁਰੂ ਇੱਕ ਹਨ। ਸਤਿਗੁਰੂ ਰੂਪ ਬਾਣੀ ਦੁਆਰਾ ਪੰਚ ਸ਼ਬਦ ਸੁਣੇ ਜਾ ਸਕਦੇ ਹਨ।

ਪ੍ਰਸ਼ਨ:– ਠੀਕ ਹੈ, ਪਰ ਜਦ ਤਾਂਈ ਬੀਮਾਰ ਨੂੰ ਕੋਈ ਡਾਕਟਰ (ਦੇਹਧਾਰੀ ਗੁਰੂ) ਮੌਕੇ ਤੇ ਆ ਕੇ ਵੇਖੇ ਨਾ ਅਤੇ ਦਵਾਈ ਦਾ ਨੁਸਖਾ ਤਜਵੀਜ ਨਾ ਕਰੇ, ਤਦ ਤਾਂਈਂ ਬੀਮਾਰ ਠੀਕ ਨਹੀਂ ਹੋ ਸਕਦਾ, ਭਾਵੇਂ ਬੀਮਾਰ ਪਾਸ ਸਾਰੀਆਂ ਦਵਾਈਆਂ ਮੌਜੂਦ ਪਈਆਂ ਹੋਣ। ਬੀਮਾਰ ਨੂੰ ਪਤਾ ਹੀ ਨਹੀਂ ਕਿਹੜੀ ਦਵਾਈ ਉਸ ਦੀ ਬੀਮਾਰੀ ਕੱਟੇਗੀ?

ਉੱਤਰ:– ਹਾਂ, ਕਿਸੇ ਹੱਦ ਤੱਕ ਠੀਕ ਹੈ ਕਿ ਮੌਕੇ ਦੇ ਡਾਕਟਰ ਤੋਂ ਬਿਨ੍ਹਾਂ ਬੀਮਾਰੀ ਸਮਝਣ ਦੇ ਬਗ਼ੈਰ ਰੋਗੀ ਠੀਕ ਨਹੀਂ ਹੋ ਸਕਦਾ ਪਰ ਇਹ ਦ੍ਰਿਸ਼ਟਾਂਤ ਇੱਥੇ ਲਾਗੂ ਨਹੀਂ ਹੁੰਦਾ। ਸਾਰੀ ਮਨੁੱਖਾ ਜਾਤੀ ਭਾਵੇਂ ਕਿਸੇ ਦੇਸ਼ ਜਾਂ ਨਸਲ ਦੀ ਹੋਵੇ, ਨੂੰ ਰੋਗ ਇੱਕੋ ਹੀ ਹੋਵੇ ਤੇ ਉਸ ਰੋਗ ਦਾ ਦਾਰੂ ਵੀ ਕੇਵਲ ਇੱਕੋ ਹੀ ਹੋਵੇ ਅਤੇ ਦਾਰੂ ਵੀ ਹਰ ਕੋਈ ਆਪ੍ਹੁੰ ਹੀ ਕਰ ਸਕਦਾ ਹੋਵੇ ਤਾਂ ਫਿਰ ਮੌਕੇ ਦਾ ਡਾਕਟਰ (ਦੇਹਧਾਰੀ) ਸੱਦਣ ਦੀ ਲੋੜ ਨਹੀਂ ਅਤੇ ਨਾਂ ਹੀ ਨੁਸਖਾ ਤਜ਼ਵੀਜ ਕਰਨ ਦੀ ਲੋੜ ਹੈ। ਸੰਸਾਰ ਵਿੱਚ ਜੋ ਵੀ ਦਿੱਸਦਾ ਹੈ ਉਹ ਰੋਗੀ ਹੈ। ਗੁਰਬਾਣੀ ਦਾ ਫੁਰਮਾਨ ਹੈ:

– ਜੋ ਜੋ ਦੀਸੈ ਸੋ ਸੋ ਰੋਗੀ॥ (੧੧੪੦)

ਉਹ ਰੋਗ ਹਉਮੈ ਦਾ ਹੈ ਜੋ ਸਾਰੇ ਸੰਸਾਰ ਨੂੰ ਚਿੰਬੜਿਆ ਹੋਇਆ ਹੈ। ਇਸ ਰੋਗ ਨੂੰ ਦੂਰ ਕਰਨ ਲਈ ਦਵਾਈ ਕਿਹੜੀ ਹੈ, ਗੁਰਮਤਿ ਫੁਰਮਾਉਂਦੀ ਹੈ:–

– ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ (੬੮੭)

ਰੋਗ ਹਉਮੈ ਦਾ ਹੈ ਅਤੇ ਦਾਰੂ ਨਾਮ ਹੈ, ਜੇ ਨਾਮ ਨਾ ਜਪੀਏ ਤਾਂ ਹਉਮੈ ਰੂਪੀ ਮੈਲ ਬਦੋ ਬਦੀ ਚਿੰਬੜ ਜਾਂਦੀ ਹੈ। ਹਉਮੈ ਬਹੁਤ ਵੱਡਾ ਰੋਗ ਹੈ ਪਰ ਇਸ ਦਾ ਦਾਰੂ ਵੀ ਹੈ।

– ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ (੪੬੬)

ਦੇਹਧਾਰੀ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਨਿਰਪੱਖ ਹੋ ਕੇ ਅਤੇ ਖੁੱਲ੍ਹੇ ਮਨ ਨਾਲ ਵਿਚਾਰਨ ਦੀ ਲੋੜ ਹੈ ਕਿ ਜਿਸ ਬਾਣੀ ਨੂੰ ਉਹ ਬ੍ਰਹਮ ਤੋਂ ਉਤਰੀ ਮੰਨਦੇ ਹੋਣ, ਉਸ ਬਾਣੀ ਦੀ ਵਿਚਾਰ ਵੀ ਉਨ੍ਹਾਂ ਨੂੰ ਕ੍ਰੋਧਤ ਕਰ ਦੇਵੇ ਫਿਰ ਅਸਚਰਜਤਾ ਇਹ ਹੈ ਕਿ ਉਹ ਹਠ ਧਰਮੀ ਬੰਦੇ ਦਾਅਵਾ ਕਰਦੇ ਹੋਣ ਕਿ ਉਨ੍ਹਾਂ ਅੰਦਰ ਪੰਚ ਸ਼ਬਦ ਵੱਜ ਰਹੇ ਹਨ। ਪੰਚ ਸ਼ਬਦ ਵੱਜਣ ਦੀ ਨਿਸ਼ਾਨੀ ਅਨੰਦ ਸਾਹਿਬ ਦੀ ਬਾਣੀ ਵਿੱਚ ਗੁਰੂ ਅਮਰਦਾਸ ਜੀ ਇਹ ਦੱਸਦੇ ਹਨ:

– ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ (੯੧੭)

ਅਜਿਹੇ ਲੋਕ ਅਸਲ ਪੰਚ ਸ਼ਬਦ ਨਹੀਂ ਸੁਣਦੇ ਤੇ ਦਿਲ ਦੇ ਧੜਕਣ ਦੀ ਆਵਾਜ਼ ਕੰਨਾਂ ਦੀ ਘੂੰ-ਘੂੰ, ਨਾੜੀਆਂ ਵਿੱਚ ਲਹੂ ਦੇ ਗੇੜੇ ਕੱਢਣ ਦੀ ਆਵਾਜ਼ ਤੇ ਫੇਫੜਿਆਂ ਦੁਆਰਾ ਹਵਾ ਨੂੰ ਅੰਦਰ ਬਾਹਰ ਕੱਢਣ ਦੀ ਆਵਾਜ਼ ਨੂੰ ਹੀ, ਪੰਚ ਸ਼ਬਦ ਸੁਣਨਾ ਮਿਥ ਲੈਂਦੇ ਹਨ। ਇਨ੍ਹਾਂ ਆਵਾਜ਼ਾਂ ਨੂੰ ਡਾਕਟਰ ਸਟੈਥੋਸਕੋਪ ਨਾਲ ਸੁਣ ਲੈਂਦਾ ਹੈ ਤੇ ਇਹ ਲੋਕ ਮਨ ਦੀ ਇਕਾਗਰਤਾ ਦੇ ਅਭਿਆਸ ਨਾਲ ਸੁਣ ਲੈਂਦੇ ਹਨ। ਫ਼ਰਕ ਕੀ ਹੋਇਆ? ਜਦ ਤਾਂਈਂ ਪੰਜ ਬਲੀਆਂ ਉਤੇ ਪੂਰਾ ਵਸ਼ੀਕਰਨ ਨਹੀਂ ਹੋ ਜਾਂਦਾ, ਤਦ ਤਾਂਈਂ ਅਸਲ ਪੰਚ ਸ਼ਬਦ ਨਹੀਂ ਵੱਜੇ। ਜਗਿਆਸੂ ਨੂੰ ਇਹ ਕਸਵੱਟੀ ਲਾ ਲੈਣੀ ਚਾਹੀਦੀ ਹੈ। ਇਹ ਅਸਲ ਪੰਚ ਸ਼ਬਦ ਨਾਮ ਸਾਖਿਆਤ ਹੋਣ ਤੇ ਵੱਜਦੇ ਹਨ। ਇਸਦਾ ਅਨੁਭਵ, ਨਾਮ ਰਸੀਆਂ ਨੂੰ ਹੁੰਦਾ ਹੈ ਤੇ ਜੋ ਰੌਸ਼ਨੀ ਵਿਖਾਉਂਦੇ ਹਨ, ਜਾਂ ਵੇਖਣ ਲਈ ਪ੍ਰੇਰਦੇ ਹਨ, ਇਸ ਦਾ ਕੀ ਲਾਭ ਹੈ? ਅੱਗੇ ਸੰਸਾਰ ਵਿੱਚ ਸੂਰਜ ਦੀ ਦਿਨੇ, ਬਿਜਲੀ ਦੀ ਰਾਤ ਨੂੰ, ਕਿੰਨੀ ਰੌਸ਼ਨੀ ਵੇਖ ਰਹੇ ਹਾਂ। ਰੌਸ਼ਨੀ ਮਾਇਆ ਹੈ। ਲੀਨ ਜੀਵ ਨੇ ਕਰਤਾਰ ਵਿੱਚ ਹੋਣਾ ਹੈ। ਉਹ ਨਿਰੰਕਾਰ ਹੈ, ਉਸ ਦਾ ਕੋਈ ਚਿੰਨ੍ਹ ਨਹੀਂ ਚੱਕਰ ਨਹੀਂ। ਜਿਨ੍ਹਾਂ ਸੱਜਣਾਂ ਨੇ ਰੌਸ਼ਨੀ ਵੇਖੀ ਹੈ, ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਦਾ ਮਨ ਉੱਤੇ ਕਾਬੂ ਹੋ ਗਿਆ? ਕੀ ਉਨ੍ਹਾਂ ਨੂੰ ਪੰਜ ਮਹਾਂਬਲੀ ਔਖਾ ਤਾਂ ਨਹੀਂ ਕਰਦੇ? ਉੱਤਰ ਵਿੱਚ ਆਖਦੇ ਹਨ ਕਿ ਇਹ ਗੱਲਾਂ ਤਾਂ ਨਹੀਂ ਵਾਪਰੀਆਂ। ਫਿਰ ਰੌਸ਼ਨੀ ਦਾ ਕੀ ਲਾਭ?

ਨਿਰੰਕਾਰ ਦੇ ਦਰਸ਼ਨ ਅਭਿਲਾਖੀਆਂ ਨੂੰ ਇੱਕ ਇਹ ਕਸਵੱਟੀ ਜ਼ਰੂਰ ਲਾ ਲੈਣੀ ਚਾਹੀਦੀ ਹੈ। ਨਿਰੰਕਾਰ ਪ੍ਰਾਪਤੀ ਦੇ ਲੱਛਣ ਨੌਵੀਂ ਪਾਤਸ਼ਾਹੀ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਇਸ ਤਰ੍ਹਾਂ ਦਰਸਾਉਂਦੇ ਹਨ:

- ਮਾਈ ਮੈ ਧਨੁ ਪਾਇਓ ਹਰਿ ਨਾਮੁ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥ (੧੧੮੬)

ਆਉ, ਹੁਣ ਉਸੀ ਨੁਕਤੇ ਤੇ ਫਿਰ ਆਈਏ ਕਿ ਕੇਵਲ ਗੁਰਬਾਣੀ ਨਿਜ ਸਰੂਪ ਦੀ ਲਖਤਾ ਬਖਸ਼ ਸਕਦੀ ਹੈ, ਕਿਸੇ ਦੇਹਧਾਰੀ ਗੁਰੂ ਦੀ ਉੱਕਾ ਲੋੜ ਨਹੀਂ।

ਤੀਜੀ ਪਾਤਸ਼ਾਹੀ ਫੁਰਮਾਉਂਦੇ ਹਨ:

- ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥ (੧੦੬੬)

ਗੁਰਬਾਣੀ ਇਸ ਜੱਗ ਅੰਦਰ ਵਰਤੀ ਹੈ। ਇਸ ਬਾਣੀ ਤੋਂ ਹੀ ਨਾਮ ਪਾਈਦਾ ਹੈ। ਭਾਵ ਹੋਰ ਕੋਈ ਸਾਧਨ ਸਫ਼ਲ ਨਹੀਂ ਹੋ ਸਕਦਾ। ਕਿਸੇ ਦੇਹਧਾਰੀ ਗੁਰੂ ਨੂੰ ਧਾਰਨ ਦੀ ਲੋੜ ਨਹੀਂ। ਇਸੇ ਬਾਣੀ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ।

- ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ॥ (੧੦੫੮)

ਇਸ ਤੋਂ ਵੱਧ ਸ਼ਹਾਦਤ ਹੋਰ ਕੀ ਹੋ ਸਕਦੀ ਹੈ ਤੇ ਫਿਰ ਸਾਹਿਬ ਜੀ ਫੁਰਮਾਉਂਦੇ ਹਨ:

- ਗੁਰਬਾਣੀ ਤੇ ਹਰਿ ਮੰਨਿ ਵਸਾਏ॥ ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ॥ (੬੬੪)

ਇਹ ਕਿਉਂ ਕਰੇ? ਇਸ ਲਈ ਕਿ ਕੇਵਲ ਗੁਰਬਾਣੀ ਹੀ ਇਸ ਜੱਗ ਵਿੱਚ ਚਾਨਣ ਹੈ ਤੇ ਸਾਰਾ ਜਗਤ ਅਗਿਆਨਤਾ ਦੇ ਅੰਧੇਰੇ ਵਿੱਚ ਹੈ। ਪਰ ਇਹ ਬਾਣੀ, ਇਸ ਬਾਣੀ ਅਨੁਸਾਰ ਕਰਮ ਕਰਨ ਤੇ ਹੀ ਮਨ ਵਿੱਚ ਵੱਸਦੀ ਹੈ।

- ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ (੬੭)

ਫਿਰ ਸ੍ਰੀ ਹਜ਼ੂਰ ਦ੍ਰਿੜ੍ਹ ਕਰਾਉਂਦੇ ਹਨ:

- ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ (੭੯੭)

- ਗੁਰ ਕੀ ਬਾਣੀ ਸਿਉ ਲਾਇ ਪਿਆਰੁ॥ ਐਥੈ ਓਥੈ ਏਹੁ ਅਧਾਰੁ॥ (੧੩੩੫)

- ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ॥ ਜੋਤੀ ਜੋਤਿ ਮਿਲਾਏ ਸੋਇ॥ (੧੧੭੫)

- ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (੭੫੯)

ਐਸੀ ਹਸਤੀ ਕੇਵਲ ਪਾਰਬ੍ਰਹਮ ਨਿਰੰਕਾਰ ਹੈ। ਸੋ ਐਸੇ ਪਾਰਬ੍ਰਹਮ ਨਿਰੰਕਾਰ ਸਤਿਗੁਰੂ ਵੱਲੋਂ ਜੋ ਬਾਣੀ ਉੱਤਰੀ ਹੈ, ਉਸ ਬਾਣੀ ਨੂੰ ਜੀਵਨ ਵਿੱਚ ਘਟਾਉਣ ਨਾਲ ਸਦਾ ਦਾ ਸੁੱਖ, ਸਦਾ ਦਾ ਖੇੜਾ ਪ੍ਰਾਪਤ ਹੁੰਦਾ ਹੈ ਤੇ ਜੀਵਨ ਦੀ ਜੋਤ ਉਸ ਜੋਤੀ ਸਰੂਪ ਨਾਲ ਇਕਮਿਕ ਹੋ ਜਾਂਦੀ ਹੈ।

- ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥ (੭੫੪)

- ਪੂਰੇ ਗੁਰ ਕੀ ਸਾਚੀ ਬਾਣੀ॥ ਸੁਖ ਮਨ ਅੰਤਰਿ ਸਹਜਿ ਸਮਾਣੀ॥ (੬੬੩)

ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਆਪਣੇ ਦਵਾਰਾ ਅਰਥਾਤ ਉੱਤਮ ਪੁਰਖ ਦਵਾਰਾ ਇੰਜ ਫੁਰਮਾਉਂਦੇ ਹਨ:

- ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ॥ (੧੩੦੮)

- ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ॥ (੪੯੪)

- ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥ (੩੦੮)

- ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (੭੫੯)

- ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥ (੪੪੨)

ਹੁਣ ਵੀਚਾਰੋ ਦੇਹਧਾਰੀ ਗੁਰੂ ਦੀ ਲੋੜ ਕੀ ਰਹੀ? ਚੌਥੇ ਗੁਰੂ ਸਾਹਿਬ ਗੁਰਬਾਣੀ ਦੇ ਹੋਰ ਗੁਣ ਇਸ ਪ੍ਰਕਾਰ ਦਰਸਾਉਂਦੇ ਹਨ:

- ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ॥ (੭੭੩)

- ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥ (੭੭੩)

ਹੁਣ ਜ਼ਰਾ ਵਿਚਾਰ ਲਈਏ, ਜਦ ਇਹ ਰੱਬੀ ਬਾਣੀ ਹਉਮੈ, ਪਾਪ, ਵਿਕਾਰ, ਡਰ, ਮਮਤਾ, ਕ੍ਰੋਧ ਤੇ ਭਰਮ ਗਵਾਉਂਦੀ ਹੈ ਤਾਂ ਫਿਰ ਇਸ ਦੀ ਸ਼ਰਨ ਕਿਉਂ ਨਾ ਲਈਏ? ਹਾਡ, ਮਾਸ, ਨਾੜੀ ਦੇ ਪਿੰਜਰ, ਮਲ ਮੂਤਰ ਦੀ ਦੇਹ ਨੇ ਕੀ ਦੇਣਾ ਹੈ? ਫਿਰ ਦੇਹ ਹਰ ਇੱਕ ਦੀ ਭਾਵੇਂ ਪੀਰ ਹੈ, ਪੈਗੰਬਰ ਹੈ, ਸ਼ੇਖ ਹੈ, ਔਲੀਆ ਹੈ, ਜੋਗੀ ਹੈ, ਸਿਧ ਹੈ,

ਸੰਨਿਆਸੀ ਹੈ, ਅਵਧੂਤੀ ਹੈ, ਬ੍ਰਹਮਚਾਰੀ ਹੈ, ਪੰਡਿਤ ਹੈ, ਅਪਰਸ ਹੈ, ਬਿਨਸਨਹਾਰ ਹੈ ਤੇ ਇਸੇ ਦੇ ਉਲਟ ਬ੍ਰਹਮ ਸਦਾ ਸਥਿਰ ਹੈ ਤੇ ਉਸ ਤੋਂ ਆਈ ਬਾਣੀ ਵੀ ਸਦਾ ਸਥਿਰ ਹੈ। ਫਿਰ ਕਿਉਂ ਨਾ ਬਿਨਸਨਹਾਰ ਦੀਆਂ ਟੇਕਾਂ ਨੂੰ ਛੱਡ ਕੇ ਉਸ ਅਬਿਨਾਸੀ ਪੁਰਖ ਦੀ ਓਟ ਸੰਭਾਲੀਏ ਤੇ ਉਸ ਤੋਂ ਆਈ ਬਾਣੀ ਦਵਾਰਾ ਉਸ ਨਾਲ ਮਿਲੀਏ?

ਚੌਥੀ ਪਾਤਸ਼ਾਹੀ ਆਪਣੀ ਅੰਦਰ ਦੀ ਰੀਝ ਇੰਜ ਪ੍ਰਗਟ ਕਰਦੇ ਹਨ:

– ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥ (੭੫੯)

ਹੁਣ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਵੀਚਾਰੀਏ ਕਿ ਆਪ ਜੀ ਦੇ ਗੁਰਬਾਣੀ ਬਾਰੇ ਕੀ ਵਿਚਾਰ ਹਨ?

– ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ॥ (੬੨੮)

– ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥ (੬੨੮)

– ਭਗਤਿ ਭੰਡਾਰ ਗੁਰਬਾਣੀ ਲਾਲ॥ ਗਾਵਤ ਸੁਨਤ ਕਮਾਵਤ ਨਿਹਾਲ॥ (੩੭੬)

– ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾ ਕਾ ਨਸੈ॥ (੧੩੪੦)

– ਗੁਰ ਕੀ ਬਾਣੀ ਸਿਉ ਰੰਗੁ ਲਾਇ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ॥ (੩੮੭)

ਹਜ਼ੂਰ ਜੀ ਆਪਣੀ ਪ੍ਰੇਮ ਭਰੀ ਰੀਝ ਤੇ ਵਲਵਲੇ ਇੰਜ ਦਰਸਾਉਂਦੇ ਹਨ:

– ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ॥ਰਹਾਉ॥
ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥
ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ॥ (੪੦੪)